# ਬੇਮੁੱਖ

(ਲੇਖਕ: ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਗਿਆਨੀ ਗਿਆਨ ਸਿੰਘ ਆਪਣੇ ਗ੍ਰੰਥ 'ਤਵਾਰੀਖ਼ ਗੁਰੂ ਖ਼ਾਲਸਾ' ਵਿੱਚ ਲਿੱਖਦੇ ਹਨ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਆਖ਼ਰੀ ਲੜਾਈ ਸਮੇਂ ਕੁੱਝ ਸਿੱਖ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਬੇਦਾਵਾ ਲਿੱਖਤੀ ਰੂਪ ਵਿੱਚ ਦੇ ਕੇ ਛੱਡ ਗਏ ਕਿ 'ਨਾ ਅਸੀਂ ਤੁਹਾਡੇ ਸਿੱਖ, ਨਾ ਤੁਸੀਂ ਸਾਡੇ ਗੁਰੂ'।

ਲੰਮੀ ਲੜਾਈ ਵਿੱਚ ਥੱਕ ਜਾਣਾ ਸੁਭਾਵਿਕ ਹੈ, ਅਤੇ ਜੇ ਕਈ ਮਹੀਨੇ ਭੁੱਖੇ ਢਿੱਡ ਲੜਨਾ ਪਏ, ਫਿਰ ਤਾਂ ਤਕੜੇ ਇਰਾਦੇ ਵਾਲੇ ਵੀ ਡੋਲ ਜਾਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦੀ ਇਸ ਲੜਾਈ ਦੇ ਸਮੇਂ ਕਈ ਮਹੀਨੇ ਇਸ ਸ਼ਹਿਰ ਨੂੰ ਦੁਸ਼ਮਣ ਨੇ ਘੇਰਾ ਪਾਈ ਰਖਿਆ ਸੀ। ਖ਼ੁਰਾਕ ਦਾ ਭੰਡਾਰ ਵੀ ਖ਼ਤਮ ਹੋ ਗਿਆ। ਕੁੱਝ ਚਿਰ ਤਾਂ ਵੈਰੀ ਦੀਆਂ ਰਸਦਾਂ ਹੀ ਲੁੱਟ ਕੇ ਕੰਮ ਚਲਾਇਆ, ਪਰ ਜਦੋਂ ਵੈਰੀ ਵੀ ਚੁਕੰਨਾ ਹੋ ਗਿਆ, ਤਾਂ ਲੰਗਰ ਮਸਤਾਨਾ ਹੋਣਾ ਹੀ ਸੀ। ਸ਼ਹਿਰ ਵਿੱਚ ਘਿਰੇ ਸਿੱਖ ਪਰਿਵਾਰ। ਬਾਹਰ ਲੱਖਾਂ ਦੀ ਗਿਣਤੀ ਵਿੱਚ ਪਹਾੜੀ ਰਾਜਿਆਂ ਅਤੇ ਮੁਗ਼ਲ ਸਲਤਨਤ ਦੀਆਂ ਫ਼ੌਜਾਂ ਦਾ ਜ਼ਬਰਦਸਤ ਘੇਰਾ। ਸਿੱਖਾਂ ਦੀ ਭੁੱਖ ਨਾਲ ਬੁਰੀ ਹਾਲਤ ਬਾਰੇ ਭਾਈ ਸੁੱਖਾ ਸਿੰਘ ਆਪਣੀ ਪੁਸਤਕ 'ਗੁਰ ਬਿਲਾਸ ਪਾਤਸ਼ਾਹੀ ੧੦' ਵਿੱਚ ਲਿੱਖਦੇ ਹਨ: -

"ਹਾਡ ਮਾਸ ਤਨ ਮਹਿ ਰਹਿ ਗਏ। ਪਿੰਜਰੇ ਸੇ ਸਭ ਹੀ ਤਨ ਭਏ।
ਘਾਸ ਬੂਟ ਜੜ ਤਰ ਨਰ ਖਾਵੈ। ਅਨਿਕ ਯਤਨ ਕਰ ਪ੍ਰਾਨ ਠਰਾਵੈ।੧੭੪।"
(੨੦ਵਾਂ ਅਧਿਆਇ)

ਵੈਰੀ ਬਾਹਰੋਂ ਕਿਸੇ ਨੂੰ ਸ਼ਹਿਰ ਵਿੱਚ ਦਾਖ਼ਲ ਨਹੀਂ ਹੋਣ ਦਿੰਦੇ ਸਨ, ਪਰ ਜੇ ਕੋਈ ਗੁਰੂ ਜੀ ਦਾ ਸਾਥ ਛੱਡ ਕੇ ਸ਼ਹਿਰ ਤੋਂ ਬਾਹਰ ਜਾਣਾ ਚਾਹੁੰਦਾ, ਤਾਂ ਉਸਨੂੰ ਨਾ ਰੋਕਦੇ। ਇਸ ਲਈ ਕਈ ਲੋਕ ਸ਼ਹਿਰ ਛੱਡ ਕੇ ਤੁਰ ਗਏ। ਭਾਈ ਕੁਇਰ ਸਿੰਘ ਆਪਣੇ ਗ੍ਰੰਥ 'ਗੁਰ ਬਿਲਾਸ ਪਾਤਸ਼ਾਹੀ ੧੦' ਵਿੱਚ ਲਿੱਖਦੇ ਹਨ ਕਿ ਪਿਸ਼ਾਵਰ ਦੀ ਸੰਗਤ ਦੇ ਕੁੱਝ ਲੋਕ ਗੁਰੂ ਜੀ ਨਾਲ ਛੱਲ ਕਰਕੇ ਸ਼ਹਿਰ ਵਿੱਚੋਂ ਭੱਜਣਾ ਚਾਹੁੰਦੇ ਸਨ। ਉਨ੍ਹਾਂ ਨੇ ਇੱਕ ਬੁੱਢੇ ਨੂੰ ਲਿਟਾ ਕੇ ਉਸਦੀ ਅਰਥੀ ਉਠਾਉਣ ਦਾ ਢੌਂਗ ਰਚਾਇਆ। ਲਿੱਖਿਆ ਹੈ: -

"ਬਿਵਾਨ ਅਗ੍ਰ ਗਾਵੇ ਸਬਦੀਤ। 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ'॥੮॥"
(ਪੰਦਰਵਾਂ ਅਧਿਆਇ)

ਇਸ ਪ੍ਰਕਾਰ ਉਹ ਅਰਥੀ ਅੱਗੇ ਸ਼ਬਦ ਪੜ੍ਹਦੇ ਹੋਏ ਤੁਰ ਪਏ। ਉਨ੍ਹਾਂ ਦਾ ਵੀਚਾਰ ਸੀ ਕਿ ਉਹ ਸਸਕਾਰ ਦਾ ਢੌਂਗ ਰਚਾ ਕੇ ਗੁਰੂ ਜੀ ਨੂੰ ਧੋਖਾ ਦੇ ਕੇ ਸ਼ਹਿਰ ਤੋਂ ਬਾਹਰ ਨਿਕਲ ਜਾਣਗੇ। ਪਰ ਗੁਰੂ ਜੀ ਸਭ 'ਚਰਿਤ੍ਰਾਂ' ਦੇ ਜਾਣੂ ਸਨ। ਉਨ੍ਹਾਂ ਨੇ ਕਿਸੇ ਸਿੱਖ ਨੂੰ ਆਖ ਕੇ ਗੁਪਤ ਰੂਪ ਵਿੱਚ ਇੱਕ ਅੰਗਾਰਾ ਉਸ ਅਰਥੀ ਵਿੱਚ ਰਖਵਾ ਦਿੱਤਾ। ਉਹ ਬੁੱਢਾ

ਇੱਕ ਦਮ ਉੱਠਿਆ ਤੇ ਡਿੱਗ ਪਿਆ। ਇਸ ਪ੍ਰਕਾਰ ਉਨ੍ਹਾਂ ਦੇ ਢੌਂਗ ਦਾ ਪਰਦਾ ਖੁੱਲ੍ਹ ਗਿਆ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਜੇ ਉਹ ਜਾਣਾ ਚਾਹੁਣ, ਤਾਂ ਜਾ ਸਕਦੇ ਹਨ।

ਇਹੋ ਜਿਹੀ ਸਥਿਤੀ ਵਿੱਚ ਸਿੰਘਾਂ ਨੇ ਗੁਰੂ ਜੀ ਨੂੰ ਬੇਦਾਵਾ ਲਿੱਖਿਆ। ਇਸ ਦਾ ਕਾਰਣ ਸਿਰਫ਼ ਇੰਨਾ-ਕੁ ਸੀ ਕਿ ਭੁੱਖ ਨੇ ਉਨ੍ਹਾਂ ਦੀ ਹਾਲਤ ਬੁਰੀ ਕਰ ਦਿੱਤੀ ਸੀ। ਇਨ੍ਹਾਂ ਹੀ ਬੇਦਾਵਾ ਲਿੱਖ ਕੇ ਦੇਣ ਵਾਲੇ ਸਿੰਘਾਂ ਨੇ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਗੁਰੂ ਗੋਬਿੰਦ ਸਿੰਘ ਜੀ ਲਈ ਸ਼ਹੀਦੀਆਂ ਦਿੱਤੀਆਂ। ਜਿਹੜੀ ਪ੍ਰੀਤ ਅਨੰਦਪੁਰ ਸਾਹਿਬ ਵਿਖੇ ਟੁੱਟੀ ਸੀ, ਉਹ ਮੁੜ ਤੋਂ 'ਗੰਢੀ' ਗਈ। ਉਹਨਾਂ ਸਿੰਘਾਂ ਨੂੰ ਮੁਕਤੇ ਕਿਹਾ ਗਿਆ। ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ 'ਟੁੱਟੀ ਗੰਢੀ' (ਮੁਕਤਸਰ) ਸੁਸ਼ੋਭਿਤ ਹੈ। ਉਹ ਕੁੱਝ ਚਿਰ ਲਈ ਬੇਮੁੱਖ ਤਾਂ ਹੋਏ, ਪਰ ਫਿਰ ਜਲਦੀ ਹੀ ਆਪਣੀ ਭੁੱਲ ਆਪਣਾ ਲਹੂ ਦੇ ਕੇ ਬਖ਼ਸ਼ਵਾ ਲਈ। ਬੇਮੁੱਖ ਉਦੋਂ ਵੀ ਹੋਏ ਸਨ ਕੁੱਝ ਸਿੱਖ, ਬੇਮੁੱਖ ਅੱਜ ਵੀ ਹੋ ਰਹੇ ਨੇ ਕੁੱਝ ਸਿੱਖ। ਉਦੋਂ ਉਨ੍ਹਾਂ ਭੁੱਲ ਬਖ਼ਸ਼ਵਾ ਲਈ ਸੀ, ਪਰ ਹੁਣ ਕੋਈ ਭੁੱਲ ਮੰਨ ਨਹੀਂ ਰਿਹਾ ਆਪਣੀ।

ਬੇਮੁੱਖ ਤੋਂ ਭਾਵ ਹੈ, ਜੋ ਗੁਰੂ ਦੀ ਸਿੱਖਿਆ ਨੂੰ ਛੱਡ ਦਏ। ਜੋ ਗੁਰੂ ਤੋਂ ਮੁੱਖ ਫੇਰ ਲਏ। ਜੋ ਕਿਸੇ ਦੁਨੀਆਵੀ 'ਸੁਆਮੀ' ਦੇ ਪੈਰੀਂ ਪੈ ਜਾਏ। ਜੋ ਕਲਯੁੱਗੀ ਅਵਤਾਰਾਂ ਦੀ ਪੂਜਾ ਕਰਦਾ ਫਿਰੇ। ਜੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਕਿਸੇ ਹੋਰ ਤੋਂ 'ਨਾਮ' ਭਾਲਦਾ ਫਿਰੇ।

ਫਿਰ ਇਹ ਵੀ ਗੱਲ ਨਹੀਂ ਕਿ ਬੇਮੁੱਖ ਕਿਸੇ ਇੱਕੋ ਦੁਨੀਆਵੀ ਗੁਰੂ ਕੋਲੋਂ ਸਤੁੰਸ਼ਟ ਹੋ ਜਾਏ। ਉਹ ਕਦੀ ਕਿਸੇ 'ਸੰਤ ਮਹਾਂਪੁਰਸ਼ ਪੂਰਨ ਬ੍ਰਹਮ ਗਿਆਨੀ' ਕੋਲ ਜਾਂਦਾ ਹੈ ਤੇ ਕਦੀ ਕਿਸੇ ਹੋਰ 'ਮਹਾਰਾਜ ਜੀ' ਕੋਲ। ਸੱਚੇ ਗੁਰੂ ਤੋਂ ਬਿਨਾਂ, ਸ਼ਬਦ ਗੁਰੂ ਤੋਂ ਬਿਨਾਂ, ਗੁਰਬਾਣੀ ਤੋਂ ਬਿਨਾਂ ਕਿਤੇ ਹੋਰ ਝਾਕ ਰੱਖਣ ਵਾਲੇ ਦੀ ਹੁੰਦੀ ਤਾਂ ਬੁਰੀ ਹਾਲਤ ਹੀ ਹੈ।

ਬੇਮੁੱਖ ਕੌਣ ਹਨ? ਇਸ ਸਵਾਲ ਦਾ ਜਵਾਬ ਭਾਈ ਗੁਰਦਾਸ ਜੀ ੩੪ਵੀਂ ਵਾਰ ਦੀ ੧੯ਵੀਂ ਪਉੜੀ ਵਿੱਚ ਇਉਂ ਦਿੰਦੇ ਹਨ-

"ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।
ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥੧੯॥

ਭਾਈ ਸਾਹਿਬ ਕਹਿੰਦੇ ਹਨ ਕਿ ਜਿਵੇਂ ਬਹੁਤੇ ਮਿੱਤਰਾਂ ਵਾਲੀ ਵੇਸਵਾ ਦੇ ਤਨ ਨੂੰ ਦੁੱਖ/ਪੀੜ ਹੀ ਬਣੀ ਰਹਿੰਦੀ ਹੈ, (ਉਵੇਂ ਹੀ ਬੇਮੁੱਖਾਂ ਦਾ ਹਾਲ ਹੈ)। ਗੁਰੂ ਤੋਂ ਬਿਨਾਂ ਜੋ ਹੋਰਨਾਂ ਨੂੰ ਪੂਜੇ, ਉਹ ਬੇਮੁਖ ਕਹੇ ਜਾਂਦੇ ਹਨ। ਉਹ ਸਦਾ ਦੁਖੀ ਰਹਿੰਦੇ ਹਨ: -

ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ।
ਸਭ ਕੋ ਸਰਸਾ ਵਰਸਦੈ ਝੂਰੈ ਜੋਲਾਹਾ।
ਸਭਨਾ ਰਾਤਿ ਮਿਲਵੜਾ ਚਕਵੀ ਦੋਰਾਹਾ।

ਸੰਖੁ ਸਮੁੰਦ੍ਹੁ ਸਖਣਾ ਰੋਵੈ ਦੇ ਧਾਹਾ।
ਰਾਹ੍ਹੁ ਉਝੜਿ ਜੋ ਪਵੈ ਮੁਸੈ ਦੇ ਫਾਹਾ।
ਤਿਉਂ ਜਗ ਅੰਦਰਿ ਬੇਮੁਖਾਂ ਨਿਤ ਉਭੈ ਸਾਹਾ॥੫॥ (ਵਾਰ ੩੪)

ਸਾਵਣ ਵਿੱਚ ਮੀਂਹ ਪੈਣ ਨਾਲ ਦਰਖ਼ਤ ਹਰੇ ਹੁੰਦੇ ਹਨ, ਪਰ ਜਵਾਹਾ (ਇੱਕ ਕਿਸਮ ਦਾ ਘਾਹ) ਸੁੱਕ ਜਾਂਦਾ ਹੈ। ਵਰ੍ਹਦੇ ਮੀਂਹ ਵਿੱਚ ਹਰ ਕੋਈ ਖ਼ੁਸ਼ ਹੁੰਦਾ ਹੈ, ਪਰ ਜੁਲਾਹਾ ਝੂਰਦਾ ਹੈ (ਕਿਉਂਕਿ ਉਸ ਦੀ ਖੱਡੀ ਵਿੱਚ ਪਾਣੀ ਪੈ ਜਾਂਦਾ ਹੈ)। ਸਭ ਦਾ ਰਾਤੀਂ ਮਿਲਾਪ ਹੁੰਦਾ ਹੈ, ਪਰ ਚਕਵੀ ਨੂੰ ਵਿਛੋੜਾ ਪੈ ਜਾਂਦਾ ਹੈ। ਸੰਖ ਸਮੁੰਦਰ ਵਿੱਚੋਂ ਖਾਲੀ ਨਿਕਲ ਕੇ ਧਾਹਾਂ ਮਾਰ ਕੇ ਰੋਂਦਾ ਹੈ। ਜੋ ਰਾਹ ਤੋਂ ਭਟਕ ਜਾਏ, ਉਸ ਨੂੰ ਫਾਹਾ ਪਾ ਕੇ ਲੁੱਟ ਲਿਆ ਜਾਂਦਾ ਹੈ। ਇਵੇਂ ਹੀ ਬੇਮੁਖ ਜਗਤ ਵਿੱਚ ਠੰਢੇ ਸਾਹ ਲੈਂਦਾ ਹੈ, ਦੁਖੀ ਹੁੰਦਾ ਹੈ।

ਉਹ ਸਿੰਘ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਲਿੱਖਤੀ ਰੂਪ ਵਿੱਚ ਬੇਦਾਵਾ ਦੇ ਕੇ ਗਏ ਸਨ। ਦੱਸ ਗਏ ਸਨ ਕਿ ਉਹ ਜਾ ਰਹੇ ਹਨ, ਪਰ ਅੱਜ ਤਾਂ ਦੁਨੀ ਚੰਦ ਵਾਂਗੂੰ ਕੰਧ ਟੱਪ ਕੇ ਭੱਜਣ ਦੀ ਪ੍ਰਵਿਰਤੀ ਹੈ।

ਲੋਹਗੜ੍ਹ ਦੇ ਕਿਲ੍ਹੇ ਨੂੰ ਤੋੜਨ ਲਈ ਪਹਾੜੀ ਰਾਜਿਆਂ ਨੇ ਇੱਕ ਹਾਥੀ ਦੀ ਵਰਤੋਂ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਹਾਥੀ ਦੇ ਮੱਥੇ ਅੱਗੇ ਤਵੇ ਬੰਨ੍ਹਣ, ਉਤੈ ਲੋਹੇ ਦਾ ਝੁੱਲ ਪਾਉਣ ਅਤੇ ਸੁੰਡ ਨਾਲ ਤਲਵਾਰ ਬੰਨ੍ਹਣ ਦੀ ਵਿਉਂਤ ਬਣਾਈ। ਨਾਲ ਹੀ ਉਨ੍ਹਾਂ ਨੇ ਹਾਥੀ ਨੂੰ ਸ਼ਰਾਬ ਪਿਲਾਉਣ ਦਾ ਵੀ ਹੁਕਮ ਦਿੱਤਾ। ਜਦੋਂ ਸਿੱਖਾਂ ਨੇ ਇਸ ਵਿਉਂਤ ਬਾਰੇ ਗੁਰੂ ਗੋਬਿੰਦ ਸਿੰਘ ਜੀ ਨਾਲ ਗੱਲ ਕੀਤੀ, ਤਾਂ ਗੁਰੂ ਜੀ ਨੇ ਪੰਜ ਸੌ ਯੋਧਿਆਂ ਦੇ 'ਜੱਥੇਦਾਰ' ਦੁਨੀ ਚੰਦ ਵੱਲ ਵੇਖਿਆ। ਦੁਨੀ ਚੰਦ ਬਹੁਤ ਲੰਮਾ-ਚੌੜਾ ਸੀ। ਮਸੰਦ ਵੀ ਰਿਹਾ ਸੀ ਗੁਰੂ ਘਰ ਦਾ। ਦੁਨੀ ਚੰਦ ਵੱਲ ਵੇਖ ਕੇ ਗੁਰੂ ਜੀ ਬੋਲੇ ਕਿ ਗੁਰੂ ਘਰ ਦਾ ਹਾਥੀ ਭਾਈ ਦੁਨੀ ਚੰਦ ਪਹਾੜੀਆਂ ਦੇ ਹਾਥੀ ਨਾਲ ਲੜ੍ਹੇਗਾ। ਬੇਪਰਵਾਹ ਗੁਰੂ ਜੀ ਤਾਂ ਇਹ ਆਖ ਕੇ ਚਲੇ ਗਏ, ਪਰ ਹੁਣ ਦੁਨੀ ਚੰਦ ਨੂੰ ਚੈਨ ਕਿੱਥੋਂ ਆਏ? ਦੁਨੀ ਚੰਦ ਆਖੇ, "ਗੁਰੂ ਬਣਾ ਲੈਣਾ ਸਾਡੇ ਹੱਥ ਹੈ। ਜਿਸ ਅੱਗੇ ਸੰਗਤ ਨੂੰ ਝੁਕਾਵਾਂਗੇ, ਉਹੋ ਗੁਰੂ ਬਣ ਜਾਊ।"

ਦੁਨੀ ਚੰਦ ਆਪਣੇ ਸਾਥੀਆਂ ਸਮੇਤ ਕਿਲ੍ਹੇ ਤੋਂ ਭੱਜਣ ਦੀ ਸੋਚਣ ਲੱਗਾ। ਅੱਧੀ ਰਾਤ ਕਿਲ੍ਹੇ ਦੀ ਕੰਧ ਤੋਂ ਰੱਸਾ ਪਾ ਕੇ ਉਹ ਸਾਰੇ ਨਿਕਲਣੇ ਸ਼ੁਰੂ ਹੋਏ। ਜਦੋਂ ਦੁਨੀ ਚੰਦ ਉਤਰਣ ਲੱਗਾ, ਤਾਂ ਰੱਸਾ ਟੁੱਟ ਗਿਆ ਤੇ ਡਿੱਗਣ ਨਾਲ ਦੁਨੀ ਚੰਦ ਦੀ ਲੱਤ ਟੁੱਟ ਗਈ। ਸਾਥੀਆਂ ਨੇ ਚੁੱਕ ਕੇ ਉਥੋਂ ਕੱਢਿਆ। ਬਾਅਦ ਵਿੱਚ ਸੱਪ ਲੜਨ ਨਾਲ ਉਸ ਦੀ ਮੌਤ ਹੋ ਗਈ।

ਪੰਜ ਸੌ ਵਿਅਕਤੀਆਂ ਦਾ ਨੇਤਾ ਸੀ ਦੁਨੀ ਚੰਦ। ਨਾਲੇ ਮਸੰਦ ਵੀ ਰਿਹਾ ਸੀ ਗੁਰੂ ਘਰ ਦਾ, ਗੋਲਕ ਦਾ 'ਪ੍ਰਬੰਧ' ਵੀ ਕਰਦਾ ਸੀ। ਨਿਰਾ ਗੋਲਕ ਦਾ ਪ੍ਰਬੰਧਕ ਸਿੱਖੀ ਦੇ ਰਾਸਤੇ 'ਤੇ ਕਿਵੇਂ ਕਾਮਯਾਬੀ ਨਾਲ ਤੁਰ ਸਕਦਾ ਹੈ? ਨਿਰਾ ਗੋਲਕ ਦਾ ਪ੍ਰਬੰਧਕ ਫ਼ੌਜਾਂ ਦਾ ਮੁਕਾਬਲਾ ਕਿਵੇਂ ਕਰ ਲਏਗਾ? ਉਹ ਤਾਂ ਭੱਜੇਗਾ ਹੀ ਗੁਰੂ ਤੋਂ ਬੇਮੁਖ ਹੋ ਕੇ। ਮਸੰਦ ਸੋਚਦਾ ਹੈ ਕਿ ਉਹ ਜਿਸਨੂੰ ਚਾਹੇ, ਉਸੇ ਨੂੰ ਗੁਰੂ ਬਣਾ ਸਕਦਾ ਹੈ; ਜਿਸਨੂੰ ਚਾਹੇ, ਉਸੇ ਨੂੰ 'ਜੱਥੇਦਾਰੀ' ਸੌਂਪ ਸਕਦਾ ਹੈ। ਪਰ ਗੁਰੂ ਅਮਰਦਾਸ ਜੀ ਆਖਦੇ ਹਨ ਕਿ ਐਸਾ ਵਿਅਕਤੀ ਗੁਰੂ ਤੋਂ ਬੇਮੁਖ ਹੋ ਕੇ ਮੁਕਤੀ ਨਹੀਂ ਪ੍ਰਾਪਤ ਕਰ ਸਕਦਾ-

ਜੇ ਕੋ ਗੁਰ ਤੇ ਵੇਮੁਖੁ ਹੋਵੈ  ਬਿਨੁ ਸਤਿਗੁਰ ਮੁਕਤਿ ਨ ਪਾਵੈ॥ (ਪੰਨਾ ੬੨੦)

ਗੁਰੂ ਤੋਂ ਬੇਮੁਖ ਹੋ ਕੇ ਕੋਈ ਮੁਕਤਾ ਨਹੀਂ ਬਣ ਸਕਦਾ। ਮੁਕਤਾ ਬਣਨ ਲਈ ਗੁਰੂ ਦੇ ਰਾਸਤੇ 'ਤੇ ਚਲਣਾ ਹੀ ਪਏਗਾ। ਗੁਰੂ ਨੂੰ ਛੱਡ ਕੇ, ਅਨੇਕਾਂ ਜੂਨਾਂ ਵਿੱਚ ਫਿਰਨ ਤੋਂ ਬਾਅਦ ਵੀ ਮੁਕਤੀ ਨਹੀਂ ਮਿਲਦੀ। ਮੁਕਤੀ ਗੁਰੂ ਤੋਂ ਹੀ ਮਿਲਣੀ ਹੈ ਅਤੇ ਗੁਰੂ ਅਸਲ ਵਿੱਚ ਗੁਰਬਾਣੀ ਹੀ ਹੈ-

ਬਾਣੀ ਗੁਰੂ  ਗੁਰੂ ਹੈ ਬਾਣੀ  ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ  ਸੇਵਕੁ ਜਨੁ ਮਾਨੈ  ਪਰਤਖਿ ਗੁਰੂ ਨਿਸਤਾਰੇ॥ (ਪੰਨਾ ੬੮੨)

ਇਸਲਈ ਗੁਰਬਾਣੀ ਤੋਂ ਬੇਮੁਖ ਹੋਣ ਦਾ ਮਤਲਬ ਹੈ, ਗੁਰੂ ਤੋਂ ਬੇਮੁਖ ਹੋਣਾ। ਗੁਰਬਾਣੀ ਤੋਂ ਬੇਮੁਖ ਹੋਣ ਦਾ ਮਤਲਬ ਹੈ ਗੁਰੂ ਗੋਬਿੰਦ ਸਿੰਘ ਤੋਂ ਬੇਮੁਖ ਹੋਣਾ। ਗੁਰਬਾਣੀ ਤੋਂ ਬੇਮੁਖ ਹੋਣ ਦਾ ਮਤਲਬ ਹੈ ਦੁਨੀ ਚੰਦ ਬਣ ਕੇ 'ਸਿੱਖੀ' ਦੇ ਕਿਲ੍ਹੇ 'ਚੋਂ 'ਮਨਮਤਿ' ਦਾ ਰੱਸਾ ਪਾ ਕੇ ਭੱਜਣਾ। ਪਰ ਯਾਦ ਰਹੇ ਕਿ ਇਹ ਰੱਸਾ ਬੜਾ ਕੱਚਾ ਹੈ; ਟੁੱਟ ਜਾਣਾ ਹੈ। ਉਦੋਂ 'ਅਕਲ' ਦੀ ਲੱਤ ਟੁੱਟ ਜਾਏਗੀ। ਤੁਰਿਆ ਨਹੀਂ ਜਾਣਾ ਫਿਰ। ਤਦੋਂ 'ਮਾਇਆ' ਰੂਪੀ ਸੱਪ ਨੇ ਡੱਸ ਲੈਣਾ ਹੈ 'ਦੁਨੀ ਚੰਦ' ਨੂੰ।

ਗੁਰਬਾਣੀ ਤੋਂ ਬੇਮੁਖ ਹੋਣ ਦਾ ਭਾਵ ਹੈ, ਗੁਰਬਾਣੀ ਤੇ ਅਮਲ ਨਾ ਕਰਨਾ, ਗੁਰਬਾਣੀ ਦਾ ਹੁਕਮ ਨਾ ਮੰਨਣਾ। ਜੇ ਕੋਈ ਗੁਰਬਾਣੀ ਦੇ ਕਿਸੇ ਹਿੱਸੇ ਨੂੰ ਮੰਨਣ ਤੋਂ ਇਨਕਾਰੀ ਹੈ, ਤਾਂ ਉਹ ਬੇਮੁਖ ਹੈ। ਇਹੋ ਜਿਹੇ ਬੇਮੁਖ ਵਿਅਕਤੀ ਬਾਰੇ ਹੀ ਗੁਰੂ ਅਮਰਦਾਸ ਜੀ ਆਖਦੇ ਹਨ ਕਿ ਐਸਾ ਵਿਅਕਤੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਗੁਰਮਤਿ ਸਿਧਾਂਤਾਂ ਅਨੁਸਾਰ ਉਹ ਵਿਅਕਤੀ ਬੇਮੁਖ ਹੀ ਸਨ, ਜਿਨ੍ਹਾਂ ਨੇ ਭਗਤਾਂ ਦੀ ਬਾਣੀ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਮੰਨਣ ਤੋਂ ਨਾਂਹ ਕਰ ਦਿੱਤੀ ਸੀ। ਉਨ੍ਹਾਂ ਨੇ ਖ਼ੂਬ ਪ੍ਰਚਾਰ ਕੀਤਾ ਸੀ ਭਗਤ-ਬਾਣੀ ਦੇ ਖ਼ਿਲਾਫ਼। ਕਿਤਾਬਾਂ ਵੀ ਛਾਪੀਆਂ ਸਨ ਉਨ੍ਹਾਂ ਨੇ। ਗੁਰਬਾਣੀ ਦੇ ਖ਼ਿਲਾਫ਼ ਪ੍ਰਚਾਰ ਕਰਨ ਵਾਲੇ ਬੇਮੁਖ ਦਰਅਸਲ ਆਪਣੇ ਆਪ ਨੂੰ ਗਿਆਨੀ ਜਾਂ ਵਿਦਵਾਨ ਕਹਾਉਂਦੇ ਹਨ। ਉਹ ਲੋਕਾਂ ਅੱਗੇ ਪ੍ਰਚਾਰਕ ਬਣਦੇ ਹਨ, ਮਿਸ਼ਨਰੀ ਬਣਦੇ ਹਨ, 'ਨਿਸ਼ਕਾਮ ਸੇਵਕ' ਹੋਣ ਦਾ ਭਰਮ ਪੈਦਾ ਕਰਦੇ ਹਨ। ਇਹੋ ਜਿਹੇ ਬੇਮੁਖਾਂ ਬਾਰੇ ਭਾਈ ਗੁਰਦਾਸ ਜੀ ਬੜਾ ਵਧੀਆ ਲਿੱਖਦੇ ਹਨ-

ਆਪਿ ਨ ਵੰਞੈ ਸਾਹੁਰੈ  ਸਿਖ ਲੋਕ ਸੁਣਾਵੈ॥
ਕੰਤੁ ਨ ਪੁਛੈ ਵਾਤੜੀ  ਸੁਹਾਗੁ ਗਣਾਵੈ॥
ਮੰਤੁ ਨ ਹੋਇ ਅਠੂਹਿਆਂ  ਹਥੁ ਸਪੀਂ ਪਾਵੈ॥
ਸਰੁ ਸੰਨ੍ਹੈ ਆਗਾਸ ਨੋ  ਫਿਰਿ ਮਥੈ ਆਵੈ॥
ਦੁਹੀਂ ਸਰਾਈਂ ਜ਼ਰਦ-ਰੂ  ਬੇਮੁਖ ਪਛਤਾਵੈ॥੩॥ (ਵਾਰ ੩੪ਵੀਂ)

ਆਪ ਤਾਂ ਸਹੁਰੇ ਜਾਂਦੀ ਨਹੀਂ, ਪਰ ਲੋਕਾਂ ਨੂੰ ਸਿੱਖਿਆ ਦਿੰਦੀ ਫਿਰਦੀ ਹੈ। ਪਤੀ ਤਾਂ ਉਸ ਦੀ ਬਾਤ ਵੀ ਨਹੀਂ ਪੁੱਛਦਾ, ਪਰ ਆਪ ਨੂੰ ਸੁਹਾਗਣ ਅਖਵਾਉਂਦੀ ਹੈ। ਆਪ ਤਾਂ ਚੂਹਾ ਖੁੱਡ ਵਿੱਚ ਸਮਾਉਂਦਾ ਨਹੀਂ, ਉਲਟਾ ਉਹ ਲੱਕ ਨਾਲ ਛੱਜ ਬੰਨ੍ਹੀ ਫਿਰਦਾ ਹੈ। ਮੰਤਰ ਤਾਂ ਬਿੱਛੂਆਂ ਦਾ ਵੀ ਨਹੀਂ ਆਉਂਦਾ, ਪਰ ਹੱਥ ਸੱਪਾਂ ਨੂੰ ਪਾਉਂਦਾ ਹੈ। ਜੇ ਕੋਈ ਆਕਾਸ਼ ਨੂੰ ਤੀਰ ਮਾਰੇ, ਤਾਂ ਉਹ ਤੀਰ ਆਕਾਸ਼ ਨੂੰ ਤਾਂ ਨਹੀਂ ਲੱਗਣਾ, ਬਲਕਿ ਮੁੜ ਕੇ ਮਾਰਨ ਵਾਲੇ ਦੇ ਮੱਥੇ ਨੂੰ ਹੀ ਲੱਗੇਗਾ। ਜਿਵੇਂ ਇਹ ਸਾਰੇ ਕੰਮ ਕਰਨ ਵਾਲੇ ਪਛਤਾਉਂਦੇ ਹਨ, ਇਵੇਂ ਹੀ ਬੇਮੁਖ ਦੋਹਾਂ ਲੋਕਾਂ ਵਿੱਚ ਸ਼ਰਮਿੰਦੇ ਹੋ ਕੇ ਪਛਤਾਉਂਦੇ ਹੀ ਹਨ।

ਦਰਅਸਲ, ਬੇਮੁਖ ਦੇ ਹੱਥ-ਵੱਸ ਵੀ ਕੀ ਹੈ? ਉਸ ਦੇ ਮੱਥੇ ਤੇ ਪ੍ਰਭੂ ਨੇ ਐਸਾ ਹੀ ਲਿਖਿਆ ਹੈ-

ਜਿਉਂ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ।
ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ॥੧੦॥ (ਵਾਰ ੩੪ਵੀਂ)

ਸਾਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਬੇਮੁਖ ਨਾਲ ਪ੍ਰੀਤ ਕਰਨੀ, ਬੇਮੁਖ ਦੀ ਸੰਗਤ ਕਰਨੀ ਨੁਕਸਾਨਦਾਇਕ ਹੈ-

ਵਿਸੁ ਹਲਾਹਲ ਬੀਜਿ ਕੈ ਕਿਉਂ ਅਮਿਉ ਲਹੀਐ।
ਬੇਮੁਖ ਸੇਤੀ ਪਿਰਹੜੀ ਜਮਡੰਡੁ ਸਹੀਐ॥੭॥ (ਵਾਰ ੩੪)

ਜ਼ਹਿਰ ਬੀਜ ਕੇ ਅੰਮ੍ਰਿਤ ਨਹੀਂ ਮਿਲਦਾ। ਬੇਮੁਖ ਨਾਲ ਪ੍ਰੀਤ ਕੀਤਿਆਂ ਯਮ ਦਾ ਡੰਡਾ ਸਹਾਰਨਾ ਹੀ ਪਏਗਾ। ਇਸਲਈ ਅਸੀਂ ਬੇਮੁਖਾਂ ਦੀ ਸੰਗਤ ਤੋਂ ਬਚੀਏ ਅਤੇ ਗੁਰਬਾਣੀ ਨਾਲ ਜੁੜੀਏ, ਕਿਉਂਕਿ ਗੁਰਬਾਣੀ ਹੀ ਗੁਰੂ ਹੈ। 'ਗੁਰਬਾਣੀ-ਗੁਰੂ' ਦੇ ਲੜ ਲੱਗੀਏ, ਕਿਉਂਕਿ-

ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ॥੧੮॥ (ਵਾਰ ੩੪ਵੀਂ)

---

(ਪੁਸਤਕ 'ਥਿਰੁ ਸੋਹਾਗੁ', ਐਡੀਸ਼ਨ ਫ਼ਰਵਰੀ ੧੯੯੭ ਵਿੱਚੋਂ)